ਗਰਮੀ ਦੀਆਂ ਛੁੱਟੀਆਂ ਦਾ ਕੰਮ

ਵਿਸ਼ਾ – ਪੰਜਾਬੀ

ਜਮਾਤ – 5ਵੀਂ

◆ ਯਾਦ ਕਰਨ ਦਾ ਕਾਰਜ

ਪਾਠ 5 , 6 , 7, 8 ਅਭਿਆਸ ਕਾਰਜ( ਸ਼ਬਦ ਅਰਥ, ਵਾਕ, ਖ਼ਾਲੀ ਥਾਂਵਾਂ, ਪ੍ਰਸ਼ਨ -ਉੱਤਰ)

ਵਿਆਕਰਨ - ਮੁਹਾਵਰੇ (ੳ,ਅ, ੲ ਅੱਖਰ ਤੋਂ ਸ਼ੁਰੂ ਹੋਣ ਵਾਲੇ ਪਹਿਲੇ 5 ਮੁਹਾਵਰੇ ਯਾਦ ਕਰੋ )

ਸਮਾਨਾਰਥਕ ਸ਼ਬਦ (ਸਫ਼ਾ- 77,78 ਪਹਿਲੀ ਸਤਰ ਯਾਦ ਕਰੋ।)

◆ ਲਿਖਤੀ ਕਾਰਜ

1. ਪਾਠ -5,6,7,8 ਨੂੰ ਚੰਗੀ ਤਰ੍ਹਾਂ ਪੜ੍ਹੋ ਅਤੇ ਹਰੇਕ ਪਾਠ ਵਿੱਚੋਂ ਕੋਈ ਪੰਜ – ਪੰਜ ਨਵੇਂ ਪ੍ਰਸ਼ਨ ਤਿਆਰ ਕਰਕੇ ਉੱਤਰ ਅਲੱਗ ਕਾਪੀ ਤੇ ਸੁੰਦਰ ਲਿਖਾਈ ਵਿੱਚ ਲਿਖੋ।

2. ਪੰਜਾਬੀ ਅਖ਼ਬਾਰ ਵਿੱਚੋਂ ਕੋਈ 5 ਕਹਾਣੀਆਂ ਪੜ੍ਹ ਕੇ ਉਹਨਾਂ ਦਾ ਸਾਰਾਂਸ਼ (ਸੁੰਦਰ ਲਿਖਾਈ) ਲਿਖੋ ।

3. A4 size sheet ‘ਤੇ ਕਿਸੇ ਵੀ ਵਿਸ਼ੇ ਤੇ ਸਵੈ ਲਿਖਤ ( ਕੋਈ ਕਵਿਤਾ, ਕਹਾਣੀ, ਸਫ਼ਰਨਾਮਾ) ਲਿਖੋ।


◆ ਕਲਾ ਸਮੰਲਿਤ ਗਤੀਵਿਧੀ ਕਾਰਜ-

1.ਨਾਂਵ ਅਤੇ ਉਸਦੀਆਂ ਕਿਸਮਾਂ ਦਾ ਚਾਰਟ ਬਣਾਓ (ਰੋਲ ਨੰਬਰ 1-21 ਤੱਕ)

2. ਪੜਨਾਂਵ ਅਤੇ ਉਸਦੀਆਂ ਕਿਸਮਾਂ ਦਾ ਚਾਰਟ ਬਣਾਓ (ਰੋਲ ਨੰਬਰ 22-42 ਤੱਕ)

3.ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਿਹਾੜੇ ਸੰਬੰਧੀ ਬਿਰਤਾਂਤ ਕਾਪੀ ਤੇ ਲਿਖੋ।

4. ਹੇਠਾਂ ਦਿੱਤੀ ਤਸਵੀਰ ਬਾਰੇ 60-70 ਸ਼ਬਦ ਲਿਖੋ।



**ਹੇਠਾਂ ਦਿੱਤੀ ਅਸਾਈਨਮੈਂਟ ਆਪਣੀ ਕਾਪੀ ਤੇ ਕਰੋ।**

ਵਚਨ ਬਦਲ ਕੇ ਵਾਕ ਦੁਬਾਰਾ ਲਿਖੋ

1. ਕਮਰੇ ਦੀ ਚਾਬੀ ਲੱਭੋ ।

2. ਬਾਲੜੀ ਪੜਦੀ ਹੈ।

3. ਕੁੰਡਾ ਖੋਲ ਦਿਓ।

4. ਮੰਦਰ ਵਿੱਚ ਆਰਤੀ ਹੋ ਰਹੀ ਹੈ।

5. ਮਾਂ ਠੰਡੀ ਛਾਂ ਹੁੰਦੀ ਹੈ।

6. ਬੱਚੀ ਭੋਲੀ ਹੈ।

7. ਗਾਂ ਬੱਚੇ ਨਾਲ ਪਿਆਰ ਕਰਦੀ ਹੈ।

8.ਵਿਆਹ ਵਿੱਚ ਚਾਚਾ ਅਤੇ ਮਾਮਾ ਨੱਚ ਰਹੇ ਹਨ।

9.ਮੋਰਨੀ ਪੈਲ ਪਾ ਰਹੀ ਹੈ।

10.ਕਾਂ ਨੇ ਰੌਲਾ ਪਾਇਆ।

ਲਿੰਗ ਬਦਲ ਕੇ ਵਾਕ ਦੁਬਾਰਾ ਲਿਖੋ

1. ਮੁੰਡਾ ਆਪਣੇ ਨਾਨੇ ਨਾਲ ਬਹੁਤ ਪਿਆਰ ਕਰਦਾ ਹੈ।

2. ਚੌਧਰੀ ਨੰਬਰਦਾਰ ਕੋਲ ਗਿਆ।

3. ਕੁੜਮ ਵਿਆਹ ਵਿੱਚ ਨੱਚ ਰਿਹਾ ਸੀ।

4. ਸਪੇਰਾ ਸੱਪ ਨੂੰ ਫੜ ਰਿਹਾ ਹੈ।

5. ਅਧਿਆਪਕ ਬੱਚਿਆਂ ਨੂੰ ਪੜਾ ਰਿਹਾ ਸੀ।

6. ਜੰਗਲ ਵਿੱਚ ਗਿੱਦੜ ਅਤੇ ਲੂੰਬੜ ਵੇਖਿਆ।

7. ਕਬੂਤਰ ਟਹਿਣੀ ਤੇ ਬੈਠਾ ਹੈ।

8. ਨੌਕਰ ਸਰਦਾਰ ਲਈ ਚਾਹ ਲੈ ਕੇ ਆਇਆ।

9.ਮਛੇਰਾ ਮੱਛੀਆਂ ਫੜ ਰਿਹਾ ਹੈ।

10. ਲੇਖਕ ਲੇਖ ਲਿਖ ਰਿਹਾ ਹੈ।

ਵਿਰੋਧੀ ਸ਼ਬਦ ਬਦਲ ਕੇ ਵਾਕ ਦੁਬਾਰਾ ਲਿਖੋ

1. ਦੁਕਾਨਦਾਰ ਇਮਾਨਦਾਰ ਵਿਅਕਤੀ ਹੈ।

2. ਫੇਲ ਵਿਦਿਆਰਥੀ ਗੈਰ ਹਾਜਰ ਸਨ।

3. ਇਹ ਕਮੀਜ਼ ਮਹਿੰਗੀ ਹੈ।

4. ਇਸ ਵਿੱਚ ਕੋਈ ਲਾਭ ਨਹੀਂ ਹੈ।

5.ਅੰਦਰ ਬਹੁਤ ਹਨੇਰਾ ਹੈ।

6. ਆਸਤਕ ਵਿਅਕਤੀ ਨਿਮਾਣਾ ਹੁੰਦਾ ਹੈ।

7. ਗਲਾਸ ਖਾਲੀ ਹੈ।

8. ਸਮਾਨ ਭਾਰਾ ਹੈ ।

9. ਉਹ ਮੇਰਾ ਸਕਾ ਭਰਾ ਹੈ।

10.ਪੇਂਡੂ ਕੁੜੀ ਨੇ ਔਖਾ ਸਵਾਲ ਕੱਢਿਆ।

ਨੋਟ - ਸਾਰਾ ਕੰਮ ਸਾਫ਼ -ਸੁਥਰਾ ਅਤੇ ਸੁੰਦਰ ਲਿਖਾਈ ਵਿੱਚ ਕਰੋ।